Alberta

**ਨਿਊਜ਼** ਰਿਲੀਜ਼

# ਸਫਲਤਾਪੂਰਵਕ ਢੰਗ ਨਾਲ ਪੁਨਰ-ਫੋਕਸ ਕੀਤੀ ਸਿਹਤ ਪ੍ਰਣਾਲੀ ਨੂੰ ਯਕੀਨੀ ਬਣਾਉਣਾ

18 ਨਵੰਬਰ, 2024 ਮੀਡੀਆ ਇੰਨਕੁਆਰੀਆਂ

## ਐਲਬਰਟਾ ਸਰਕਾਰ ਸਿਹਤ ਸੰਭਾਲ ਪ੍ਰਣਾਲੀ 'ਤੇ ਮੁੜ ਧਿਆਨ ਕੇਂਦਰਿਤ ਕਰਨਾਂ ਜਾਰੀ ਰੱਖ ਰਹੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਰੇ ਐਲਬਰਟਾ ਵਾਸੀਆਂ ਨੂੰ ਲੋੜੀਂਦੀ ਸਿਹਤ ਸੰਭਾਲ ਮਿਲ ਸਕੇ।

ਐਲਬਰਟਾ ਦੇ ਲੋਕ ਇੱਕ ਸਿਹਤ ਸੰਭਾਲ ਪ੍ਰਣਾਲੀ ਦੇ ਹੱਕਦਾਰ ਹਨ ਜੋ ਉਨ੍ਹਾਂ ਚੀਜ਼ਾਂ 'ਤੇ ਕੇਂਦਰਿਤ ਹੈ ਜੋ ਮਹੱਤਵ ਰੱਖਦੀਆਂ ਹਨ - ਬਿਹਤਰ ਸੇਵਾਵਾਂ, ਬਿਹਤਰ ਨਤੀਜੇ, ਸਥਾਨਕ ਫੈਸਲੇ ਲੈਣ ਵਿੱਚ ਵਾਧਾ ਅਤੇ ਐਲਬਰਟਾ ਦੇ ਫਰੰਟ-ਲਾਈਨ ਵਰਕਰਾਂ ਲਈ ਵਧੇਰੇ ਸਹਾਇਤਾ। ਇਨ੍ਹਾਂ ਟੀਚਿਆਂ ਦੀ ਪੂਰਤੀ ਨੂੰ ਯਕੀਨੀ ਬਣਾਉਣ ਲਈ, ਐਲਬਰਟਾ ਸਰਕਾਰ ਨੇ ਐਲਬਰਟਾ ਵਾਸੀਆਂ ਨੂੰ ਉਹਨਾਂ ਸੇਵਾਵਾਂ ਵਿੱਚ ਵਿਘਨ ਪਾਏ ਬਿਨਾਂ, ਜਿਨ੍ਹਾਂ ਦੀ ਉਨ੍ਹਾਂ ਨੂੰ ਲੋੜ ਹੈ, ਸਿਹਤ ਸੰਭਾਲ ਪ੍ਰਣਾਲੀ ਨੂੰ ਪੁਨਰ-ਕੇਂਦਰਿਤ ਕਰਨ ਲਈ ਵਚਨਬੱਧਤਾ ਪ੍ਰਗਟਾਈ ਹੈ।

ਨਵੰਬਰ 2023 ਵਿੱਚ ਐਲਬਰਟਾ ਦੀ ਸਿਹਤ ਸੰਭਾਲ ਪ੍ਰਣਾਲੀ ਨੂੰ ਪੁਨਰ-ਕੇਂਦਰਿਤ ਕਰਨ ਦੀਆਂ ਯੋਜਨਾਵਾਂ ਦਾ ਐਲਾਨ ਕਰਨ ਤੋਂ ਬਾਅਦ, ਕਈ ਪ੍ਰਮੁੱਖ ਖੇਤਰਾਂ ਵਿੱਚ ਮਹੱਤਵਪੂਰਣ ਪ੍ਰਗਤੀ ਹੋਈ ਹੈ।

ਐਲਬਰਟਾ ਦੀ ਪੁਨਰ-ਕੇਂਦਰਿਤ ਸਿਹਤ ਸੰਭਾਲ ਪ੍ਰਣਾਲੀ ਦੇ ਤਹਿਤ, ਮੁੱਢਲੀ ਸਿਹਤ ਸੰਭਾਲ, ਤੀਬਰ ਸਿਹਤ ਸੰਭਾਲ, ਨਿਰੰਤਰ ਦੇਖਭਾਲ, ਅਤੇ ਮਾਨਸਿਕ ਸਿਹਤ ਅਤੇ ਨਸ਼ੇੜੀਪੁਣੇ ਦੇ ਤਰਜੀਹੀ ਖੇਤਰਾਂ ਦੀ ਨਿਗਰਾਨੀ ਕਰਨ ਲਈ ਚਾਰ ਪੂਰੀ ਤਰ੍ਹਾਂ ਏਕੀਕ੍ਰਿਤ ਸੂਬਾਈ ਸਿਹਤ ਏਜੰਸੀਆਂ ਬਣਾਈਆਂ ਜਾ ਰਹੀਆਂ ਹਨ। ਸੂਬਾਈ ਸਿਹਤ ਏਜੰਸੀਆਂ ਵਿੱਚੋਂ ਦੋ, ਰਿਕਵਰੀ ਐਲਬਰਟਾ ਅਤੇ ਪ੍ਰਾਈਮਰੀ ਕੇਅਰ ਐਲਬਰਟਾ ਨੂੰ 30,000 ਤੋਂ ਵੱਧ ਸਿਹਤ ਸੰਭਾਲ ਪ੍ਰੋਫੈਸ਼ਨਲਾਂ ਅਤੇ ਐਲਬਰਟਾ ਨਿਵਾਸੀਆਂ ਵੱਲੋਂ ਮਿਲੀ ਰਾਏ ਨਾਲ ਸਥਾਪਿਤ ਕੀਤਾ ਗਿਆ ਹੈ।

ਇਸਦੇ ਨਾਲ ਹੀ, ਹਾਲ ਹੀ ਵਿੱਚ ਇਹ ਐਲਾਨ ਕੀਤਾ ਗਿਆ ਕਿ ਸੀਨੀਅਰਜ਼, ਕਮਿਊਨਿਟੀ ਐਂਡ ਸੋਸ਼ਲ ਸਰਵਿਸਜ਼ ਮਿਨਿਸਟਰ ਜੇਸਨ ਨਿਕਸਨ ਨਵੀਂ ਨਿਰੰਤਰ ਸਿਹਤ ਸੰਭਾਲ ਦੀ ਸੂਬਾਈ ਸਿਹਤ ਏਜੰਸੀ ਲਈ ਸੈਕਟਰ ਮਿਨਿਸਟਰ ਬਣਨਗੇ। ਉਹ ਹੁਣ ਇਸ

Classification: Public

ਭੂਮਿਕਾ ਨੂੰ ਸੰਭਾਲ ਚੁੱਕੇ ਹਨ ਅਤੇ ਨਿਰੰਤਰ ਸਿਹਤ ਸੰਭਾਲ ਦੀ ਦੇਖਰੇਖ ਕਰਨਗੇ, ਜਦੋਂ ਕਿ ਸਰਕਾਰ ਨਵੀਂ ਨਿਰੰਤਰ ਸਿਹਤ ਸੰਭਾਲ ਏਜੰਸੀ ਸਥਾਪਿਤ ਕਰਨ ਲਈ ਕੰਮ ਕਰਦੀ ਹੋਵੇਗੀ।

"ਸਿਹਤ ਸੰਭਾਲ ਪ੍ਰਣਾਲੀ ਨੂੰ ਪੁਨਰ-ਫੋਕਸ ਕਰਨਾਂ ਇੱਕ ਗੁੰਝਲਦਾਰ ਪ੍ਰਕਿਰਿਆ ਹੈ ਜਿਸ ਨੂੰ ਸਹੀ ਢੰਗ ਨਾਲ ਕਰਨ ਦੀ ਲੋੜ ਹੈ। ਅਸੀਂ ਐਲਬਰਟਾ ਵਾਸੀਆਂ ਅਤੇ ਫਰੰਟ ਲਾਈਨ ਵਰਕਰਾਂ ਲਈ, ਜੋ ਆਪਣੇ ਮਰੀਜ਼ਾਂ ਦੀ ਸੇਵਾ ਕਰਨ ਲਈ ਹਰ ਰੋਜ਼ ਅਣਥੱਕ ਮਿਹਨਤ ਕਰਦੇ ਹਨ, ਬਿਹਤਰ ਸਿਹਤ ਸੰਭਾਲ ਪ੍ਰਣਾਲੀ ਵਿਕਸਤ ਕਰਨ ਲਈ ਲੋੜੀਂਦਾ ਸਮਾਂ ਕੱਢਣ ਵਾਸਤੇ ਵਚਨਬੱਧ ਹਾਂ।"

*Adriana LaGrange, ਮਿਨਿਸਟਰ ਆਫ ਹੈਲਥ*

# ਐਕਿਊਟ ਕੇਅਰ ਐਲਬਰਟਾ ਟ੍ਰਾਂਜ਼ੀਸ਼ਨ

ਐਕਿਊਟ ਕੇਅਰ, ਜਿਸ ਵਿੱਚ ਹਸਪਤਾਲ, ਐਮਰਜੈਂਸੀ ਸੇਵਾਵਾਂ ਅਤੇ ਸਰਜਰੀ ਦੇਖਭਾਲ ਸ਼ਾਮਲ ਹਨ, ਸਿਹਤ ਸੰਭਾਲ ਪ੍ਰਣਾਲੀ ਦਾ ਇੱਕ ਮਹੱਤਵਪੂਰਣ ਹਿੱਸਾ ਹੈ, ਜੋ ਐਲਬਰਟਾ ਵਾਸੀਆਂ ਨੂੰ ਗੰਭੀਰ ਸਿਹਤ ਸੰਭਾਲ ਪ੍ਰਦਾਨ ਕਰਦਾ ਹੈ, ਜਦੋਂ ਉਨ੍ਹਾਂ ਨੂੰ ਇਸਦੀ ਸਭ ਤੋਂ ਵੱਧ ਲੋੜ ਹੁੰਦੀ ਹੈ। ਐਲਬਰਟਾ ਦੀ ਨਵੀਂ ਐਕਿਊਟ ਕੇਅਰ ਸੂਬਾਈ ਸਿਹਤ ਏਜੰਸੀ ਐਕਿਊਟ ਕੇਅਰ ਐਲਬਰਟਾ 2025 ਦੇ ਸ਼ੁਰੂ ਵਿੱਚ ਇੱਕ ਕਾਨੂੰਨੀ ਇਕਾਈ ਬਣ ਜਾਵੇਗੀ ਅਤੇ ਸਪਰਿੰਗ 2025 ਵਿੱਚ ਕੰਮ ਕਰਨਾ ਸ਼ੁਰੂ ਕਰ ਦੇਵੇਗੀ। ਜਿਵੇਂ-ਜਿਵੇਂ ਕੰਮ ਜਾਰੀ ਹੈ, ਐਲਬਰਟਾ ਦੀ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਫਰੰਟ ਲਾਈਨ ਵਰਕਰਾਂ ਅਤੇ ਸਾਰੇ ਐਲਬਰਟਾ ਵਾਸੀਆਂ ਨੂੰ ਸੂਚਿਤ ਅਤੇ ਸਹਾਇਤਾ ਪ੍ਰਾਪਤ ਕਰਦੇ ਹੋਏ ਮਰੀਜ਼ਾਂ ਦੀ ਦੇਖਭਾਲ ਵਿੱਚ ਕੋਈ ਰੁਕਾਵਟ ਨਾ ਆਵੇ।

ਨਵੀਂ ਐਕਿਊਟ ਕੇਅਰ ਸੂਬਾਈ ਸਿਹਤ ਏਜੰਸੀ **ਉੱਚ ਕੁਆਲਿਟੀ ਦੀ ਸਿਹਤ ਸੰਭਾਲ** ਤੱਕ ਪਹੁੰਚ ਨੂੰ ਤੇਜ਼ ਕਰਨ, ਉਡੀਕ ਦੇ ਸਮੇਂ ਨੂੰ ਘਟਾਉਣ ਅਤੇ ਇਹ ਯਕੀਨੀ ਬਣਾਉਣ ਲਈ **ਸੇਵਾ ਪ੍ਰਦਾਤਾਵਾਂ** ਨਾਲ ਸਿੱਧੇ ਤੌਰ 'ਤੇ ਕੰਮ ਕਰੇਗੀ ਕਿ ਐਕਿਊਟ ਕੇਅਰ ਪ੍ਰਣਾਲੀ ਰਾਹੀਂ ਮਰੀਜ਼ ਦੀ ਯਾਤਰਾ ਕੁਸ਼ਲ ਅਤੇ ਅਸਰਦਾਰ ਹੋਵੇ।

ਐਕਿਊਟ ਕੇਅਰ ਐਲਬਰਟਾ ਦੀ ਸਥਾਪਨਾਂ ਦਾ ਸਮਰਥਨ ਕਰਨ ਲਈ, ਐਕਿਊਟ ਕੇਅਰ ਪ੍ਰੋਵਿੰਸ਼ੀਅਲ ਹੈਲਥ ਏਜੰਸੀ ਐਗਜ਼ੈਕਿਊਟਿਵ ਟ੍ਰਾਂਜ਼ੀਸ਼ਨ ਟੀਮ ਦੀ ਸਥਾਪਨਾ ਕੀਤੀ ਗਈ ਹੈ। ਇਸ ਟੀਮ ਵਿੱਚ ਐਲਬਰਟਾ ਹੈਲਥ ਤੋਂ ਐਗਜ਼ੈਕਿਊਟਿਵ ਮੈਂਬਰ ਅਤੇ ਬਾਹਰੀ ਵਿਸ਼ੇਸ਼ ਸਲਾਹਕਾਰ, ਡਾ. ਕ੍ਰਿਸ ਈਗਲ ਸ਼ਾਮਲ ਹਨ। ਐਲਬਰਟਾ ਹੈਲਥ ਸਰਵਿਸਜ਼ ਦੇ ਪੂਰਵ ਸੀ ਈ ਓ ਹੋਣ ਦੇ ਨਾਤੇ, ਡਾ. ਈਗਲ ਸੂਬੇ ਵਿੱਚ ਐਕਿਊਟ ਕੇਅਰ ਸੇਵਾਵਾਂ ਦੇ ਪ੍ਰਦਾਨ ਵਿੱਚ ਵਿਸ਼ਾਲ ਅਨੁਭਵ ਲੈ ਕੇ ਆਉਣਗੇ। ਉਹ ਕੀਮਤੀ ਸੂਝ ਅਤੇ ਮੁਹਾਰਤ ਪ੍ਰਦਾਨ ਕਰਨਗੇ ਜੋ ਐਲਬਰਟਾ ਹੈਲਥ ਸਰਵਿਸਿਜ਼ ਨੂੰ ਸਿਹਤ ਅਥਾਰਟੀ ਤੋਂ ਸੇਵਾ ਪ੍ਰਦਾਨ ਕਰਨ ਵਾਲੇ ਪ੍ਰਦਾਤਾ ਵਿੱਚ ਤਬਦੀਲ ਕਰਨ 'ਚ ਸਹਿਯੋਗ ਕਰਨਗੇ।

ਇਸ ਕੰਮ ਦੌਰਾਨ, ਐਲਬਰਟਾ ਵਾਸੀ ਹਮੇਸ਼ਾਂ ਦੀ ਤਰ੍ਹਾਂ ਐਕਿਊਟ ਕੇਅਰ ਸੇਵਾਵਾਂ ਤੱਕ ਪਹੁੰਚ ਕਰਨਾ ਜਾਰੀ ਰੱਖਣਗੇ, ਅਤੇ ਫਰੰਟ-ਲਾਈਨ ਸਿਹਤ ਸੰਭਾਲ ਕਰਮਚਾਰੀਆਂ ਅਤੇ ਐਲਬਰਟਾ ਵਾਸੀਆਂ ਨੂੰ ਸਿਹਤ ਸੰਭਾਲ ਪ੍ਰਦਾਨ ਕਰਨ ਲਈ ਉਨ੍ਹਾਂ ਦੇ ਨਿਰੰਤਰ ਸਮਰਪਣ 'ਤੇ ਕੋਈ ਅਸਰ ਨਹੀਂ ਪਵੇਗਾ।

# ਪ੍ਰਾਇਮਰੀ ਕੇਅਰ ਐਲਬਰਟਾ ਹੁਣ ਸੰਚਲਿਤ ਹੈ

18 ਨਵੰਬਰ ਤੋਂ, ਪ੍ਰਾਇਮਰੀ ਕੇਅਰ ਐਲਬਰਟਾ ਕਿਮ ਸਿਮੰਡਸ ਦੀ ਅਗਵਾਈ ਹੇਠ ਇੱਕ ਕਾਨੂੰਨੀ ਇਕਾਈ ਹੈ, ਜਿਸਦਾ ਪਹਿਲਾ ਕੰਮ ਏਜੰਸੀ ਦੇ ਦ੍ਰਿਸ਼ਟੀਕੋਣ ਅਤੇ ਮਿਸ਼ਨ ਨੂੰ ਸੈੱਟ ਕਰਕੇ, ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਲਾਗੂ ਕਰਕੇ ਅਤੇ ਯੋਜਨਾਵਾਂ ਵਿਕਸਤ ਕਰਕੇ ਕਾਰਜਾਂ ਦੇ ਪਰਿਵਰਤਨ 'ਚ ਸਹਿਯੋਗ ਕਰਨਾ ਹੈ। ਸਿਮੰਡਸ ਅਤੇ ਉਨ੍ਹਾਂ ਦੀ ਲੀਡਰਸ਼ਿਪ ਟੀਮ ਨਵੀਂ ਏਜੰਸੀ ਸਥਾਪਤ ਕਰਨ ਲਈ ਐਲਬਰਟਾ ਹੈਲਥ ਸਰਵਿਸਿਜ਼ ਵਿਖੇ ਮੌਜੂਦਾ ਮੁੱਢਲੀ ਸੰਭਾਲ ਦੀਆਂ ਟੀਮਾਂ ਨਾਲ ਮਿਲ ਕੇ ਕੰਮ ਕਰੇਗੀ।

ਪ੍ਰਾਇਮਰੀ ਕੇਅਰ ਐਲਬਰਟਾ ਸੂਬੇ ਭਰ ਵਿੱਚ ਮੁਢਲੀਆਂ ਸਿਹਤ ਸੇਵਾਵਾਂ ਦਾ ਸੰਚਾਲਨ ਅਤੇ ਪ੍ਰਦਾਨਗੀ ਕਰੇਗਾ, ਤਾਂ ਜੋ ਸਾਰੇ ਐਲਬਰਟਾ ਨਿਵਾਸੀ ਅਤੇ ਉਨ੍ਹਾਂ ਦੇ ਪਰਿਵਾਰ ਦਿਨ-ਪ੍ਰਤੀ-ਦਿਨ ਸਿਹਤ ਜ਼ਰੂਰਤਾਂ ਵਿੱਚ ਸਹਾਇਤਾ ਪ੍ਰਾਪਤ ਕਰ ਸਕਣ, ਜਦੋਂ ਕਿ ਐਮਰਜੈਂਸੀ ਡਿਪਾਰਟਮੈਂਟ ਦੀ ਯਾਤਰਾ ਤੋਂ ਬਚਿਆ ਜਾ ਸਕੇ ਅਤੇ ਐਕਿਊਟ ਕੇਅਰ ਸੇਵਾਵਾਂ ਉੱਤੇ ਦਬਾਅ ਘਟਾਇਆ ਜਾ ਸਕੇ।

# ਸਿਹਤ ਪ੍ਰਣਾਲੀ ਯੋਜਨਾਬੰਦੀ ਲਈ ਏਕੀਕ੍ਰਿਤ ਪਹੁੰਚ

ਰੀਫੋਕਸ ਕੰਮ ਦੇ ਹਿਸੇ ਵਜੋਂ, ਐਲਬਰਟਾ ਦੀ ਸਰਕਾਰ ਸਿਹਤ ਪ੍ਰਣਾਲੀ ਦੀ ਯੋਜਨਾ ਬਣਾਉਣ ਲਈ ਸੱਤ ਏਕੀਕ੍ਰਿਤ ਸਿਹਤ ਕਰੀਡੋਰਾਂ ਰਾਹੀਂ ਨਵੀਂ, ਖੇਤਰੀ ਪਹੁੰਚ ਵੀ ਅਪਣਾ ਰਹੀ ਹੈ।

ਸਿਹਤ ਸੰਭਾਲ ਪ੍ਰਣਾਲੀ ਦੇ ਅੰਦਰ ਇੱਕ ਖੇਤਰੀ ਸਮੂਹੀਕਰਨ ਵਜੋਂ, ਸਿਹਤ ਕਰੀਡੋਰ ਇਹ ਦਰਸਾਉਣ ਲਈ ਤਿਆਰ ਕੀਤਾ ਗਿਆ ਹੈ ਕਿ ਐਲਬਰਟਾ ਦੇ ਲੋਕ ਯਾਤਰਾ ਦੇ ਪੈਟਰਨਾਂ, ਪਹੁੰਚ ਕੇਂਦਰਾਂ ਅਤੇ ਸਥਾਨਕ ਆਬਾਦੀ ਦੀਆਂ ਲੋੜਾਂ ਵਰਗੇ ਫੈਕਟਰਾਂ ਦੇ ਅਧਾਰ 'ਤੇ ਸੂਬੇ ਵਿੱਚ ਸਿਹਤ ਸੰਭਾਲ ਸੇਵਾਵਾਂ ਦੀ ਵਰਤੋਂ ਕਿਵੇਂ ਕਰਦੇ ਹਨ। ਕਰੀਡੋਰ, ਐਲਬਰਟਾ ਦੇ ਲੋਕ ਸੇਵਾਵਾਂ ਅਤੇ ਫੈਸਿਲਿਟੀਆਂ ਤੱਕ ਪਹੁੰਚ ਕਿੱਥੇ ਕਰਦੇ ਹਨ, ਨਾਲ ਸਬੰਧਤ ਅੰਕੜਿਆਂ ਅਤੇ ਨਾਲ ਹੀ ਸਿਹਤ ਸੰਭਾਲ ਪੁਨਰ-ਫੋਕਸ ਕਰਨ ਦੇ ਪਬਲਿਕ ਆਦਾਨ-ਪ੍ਰਦਾਨ ਸੈਸ਼ਨਾਂ ਤੋਂ ਮਿਲੀ ਫੀਡਬੈਕ ਨੂੰ ਵਿਚਾਰ ਅਧੀਨ ਰੱਖਦੇ ਹਨ।

ਇਸਦੇ ਨਤੀਜੇ ਵਜੋਂ, ਇਹ ਕਰੀਡੋਰ ਯੋਜਨਾਬੰਦੀ ਲਈ ਇੱਕ ਸਬੂਤ-ਅਧਾਰਤ ਪਹੁੰਚ ਨੂੰ ਸਮਰੱਥ ਕਰਨਗੇ, ਜੋ ਚਾਰ ਨਵੀਆਂ ਸੂਬਾਈ ਸਿਹਤ ਏਜੰਸੀਆਂ ਵਿੱਚ ਸੇਵਾਵਾਂ, ਵਰਕਫੋਰਸ ਅਤੇ ਬੁਨਿਆਦੀ ਢਾਂਚੇ ਬਾਰੇ ਫੈਸਲਿਆਂ ਬਾਰੇ ਸੂਚਿਤ ਕਰੇਗੀ। ਇਹ ਨਵੀਂ ਪਹੁੰਚ ਸਿਹਤ ਸੰਭਾਲ ਮਾਰਗਾਂ ਨੂੰ ਜੋੜੇਗੀ ਅਤੇ ਮਰੀਜ਼ਾਂ ਦੇ ਸਿਹਤ ਸੰਭਾਲ ਸਿਸਟਮ ਵਿਚੋਂ ਦੀ ਗੁਜ਼ਰਨ ਦੀ ਨਿਰਵਿਘਨ ਯਾਤਰਾ ਦਾ ਸਮਰਥਨ ਕਰੇਗੀ।

Classification: Public

ਸਿਹਤ ਕਰੀਡੋਰ ਇਹ ਸੁਨਿਸ਼ਚਿਤ ਕਰਨਗੇ ਕਿ ਐਲਬਰਟਾ ਦੀ ਸਰਕਾਰ ਸਿਹਤ ਸੰਭਾਲ ਪ੍ਰਣਾਲੀ ਵਿੱਚ ਮੌਜੂਦਾ ਖੱਪਿਆਂ ਨੂੰ ਬਿਹਤਰ ਤਰੀਕੇ ਨਾਲ ਨਿਰਧਾਰਤ ਕਰਨ ਅਤੇ ਉਨ੍ਹਾਂ ਖੇਤਰਾਂ ਵਿੱਚ ਨਿਵੇਸ਼ਾਂ ਨੂੰ ਸੂਚਿਤ ਕਰਨ ਦੇ ਯੋਗ ਹੋਵੇਗੀ, ਜਿਸ ਵਿੱਚ ਵੱਡੇ ਪ੍ਰੋਜੈਕਟਾਂ ਲਈ ਫੰਡਿੰਗ ਅਤੇ ਆਪਰੇਸ਼ਨਲ ਡਾਲਰ ਸ਼ਾਮਲ ਹਨ। ਸਿਹਤ ਸੰਭਾਲ ਪ੍ਰਣਾਲੀ ਦੀ ਵਰਤੋਂ ਕਿਵੇਂ ਕੀਤੀ ਜਾ ਰਹੀ ਹੈ, ਇਸ ਬਾਰੇ ਬਿਹਤਰ ਖੇਤਰੀ ਸਮਝ ਪ੍ਰਾਪਤ ਕਰਨਾ ਇਹ ਸੁਨਿਸ਼ਚਿਤ ਕਰੇਗਾ ਕਿ ਫੈਸਲੇ ਲੈਣ ਦੀਆਂ ਪ੍ਰਕਿਰਿਆਵਾਂ ਐਲਬਰਟਾ ਵਾਸੀਆਂ ਦੀਆਂ ਬਦਲਦੀਆਂ ਜ਼ਰੂਰਤਾਂ ਨੂੰ ਦਰਸਾਉਂਦੀਆਂ ਹਨ।

## ਆਉਣ ਵਾਲੇ ਸਾਂਝੇਦਾਰੀ ਦੇ ਮੌਕੇ

ਐਲਬਰਟਾ ਸਰਕਾਰ ਐਲਬਰਟਾ ਵਾਸੀਆਂ ਨਾਲ ਸੰਚਾਰ ਦੀਆਂ ਖੁੱਲ੍ਹੀਆਂ ਲਾਈਨਾਂ ਨੂੰ ਬਣਾਈ ਰੱਖਣ ਲਈ ਵਚਨਬੱਧ ਹੈ ਜਦੋਂ ਕਿ ਇਹ ਨਵੀਆਂ ਸੂਬਾਈ ਸਿਹਤ ਏਜੰਸੀਆਂ ਖੜ੍ਹੀਆਂ ਕਰਦੀ ਹੈ, ਜੋ ਐਲਬਰਟਾ ਦੀ ਪੁਨਰ-ਫੋਕਸ ਸਿਹਤ ਸੰਭਾਲ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਬਣਨਗੀਆਂ।

ਐਲਬਰਟਾ ਸਰਕਾਰ ਜੋ ਇਨਪੁੱਟ, ਤਜ਼ਰਬੇ ਅਤੇ ਫੀਡਬੈਕ ਇਕੱਠਾ ਕਰ ਰਹੀ ਹੈ, ਉਹ ਵਧੇਰੇ ਪ੍ਰਭਾਵਸ਼ਾਲੀ ਅਤੇ ਕੁਸ਼ਲ ਸਿਹਤ ਸੰਭਾਲ ਪ੍ਰਣਾਲੀ ਬਣਾਉਣ ਵਿੱਚ ਮਦਦ ਕਰ ਰਹੇ ਹਨ ਜੋ ਅੱਜ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਐਲਬਰਟਾ ਵਾਸੀਆਂ ਦੀਆਂ ਜ਼ਰੂਰਤਾਂ ਨੂੰ ਪੂਰਿਆਂ ਕਰੇਗੀ।

ਸਾਰੇ ਐਲਬਰਟਾ ਵਾਸੀਆਂ ਨੂੰ ਸਿਹਤ ਪ੍ਰਣਾਲੀ ਨੂੰ ਮੁੜ ਕੇਂਦ੍ਰਿਤ ਕਰਨ ਲਈ ਚੱਲ ਰਹੇ ਕੰਮ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਹੈਲਥ ਮਿਨਿਸਟਰ ਐਡਰੀਆਨਾ ਲਾਗਰਾਂਜ ਨਾਲ ਆਉਣ ਵਾਲੇ ਟੈਲੀਫੋਨ ਟਾਊਨ ਹਾਲ ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ। ਟਾਊਨ ਹਾਲ ਹੇਠ ਲਿਖੇ ਸਥਾਨਾਂ 'ਤੇ ਆਯੋਜਿਤ ਕੀਤੇ ਜਾਣਗੇ:

- 19 ਨਵੰਬਰ, ਸਵੇਰੇ 7:30 ਵਜੇ ਤੋਂ ਸਵੇਰੇ 9 ਵਜੇ ਤੱਕ
- 27 ਨਵੰਬਰ, ਸ਼ਾਮ 6:30 ਵਜੇ ਤੋਂ 8 ਵਜੇ ਤੱਕ
- 28 ਨਵੰਬਰ, ਸਵੇਰੇ 7:30 ਵਜੇ ਤੋਂ ਸਵੇਰੇ 9 ਵਜੇ ਤੱਕ

ਐਲਬਰਟਾ ਵਾਸੀ ਆਨਲਾਈਨ ਭਾਗ ਲੈਣ ਲਈ ਰਜਿਸਟਰ ਕਰ ਸਕਦੇ ਹਨ।

ਟੈਲੀਫੋਨ ਟਾਊਨ ਹਾਲਾਂ ਤੋਂ ਇਲਾਵਾ, ਐਲਬਰਟਾ ਵਾਸੀ 5 ਦਸੰਬਰ ਤੱਕ ਰੀਫੋਕਸਡ ਸਿਹਤ ਸੰਭਾਲ ਪ੍ਰਣਾਲੀ ਬਾਰੇ ਆਨਲਾਈਨ ਫੀਡਬੈਕ ਪ੍ਰਦਾਨ ਕਰ ਸਕਦੇ ਹਨ।

ਜਾਣਕਾਰੀ ਸਾਂਝੀ ਕਰਨ ਅਤੇ ਕੰਮ 'ਤੇ ਮੁੜ ਧਿਆਨ ਕੇਂਦਰਿਤ ਕਰਨ ਬਾਰੇ ਫੀਡਬੈਕ ਪ੍ਰਾਪਤ ਕਰਨ ਲਈ ਸਰਦ ਰੁੱਤ/ਬਹਾਰ ਰੁੱਤ 2025 ਲਈ ਇੰਨ-ਪਰਸਨ ਪਬਲਿਕ ਆਦਾਨ-ਪ੍ਰਦਾਨ ਦੇ ਦੂਜੇ ਦੌਰ ਦੀ ਯੋਜਨਾ ਬਣਾਈ ਗਈ ਹੈ। ਸਿਹਤ ਪ੍ਰਣਾਲੀ 'ਤੇ ਨਵੀਨਤਮ ਰਹਿਣ, ਕੰਮ 'ਤੇ ਮੁੜ ਧਿਆਨ ਕੇਂਦਰਿਤ ਕਰਨ, ਅਤੇ ਨਵੇਂ ਰੁਝੇਵਿਆਂ ਦੇ ਮੌਕਿਆਂ ਵਿੱਚ ਦਿਲਚਸਪੀ ਰੱਖਣ ਵਾਲੇ ਲੋਕ ਈ-ਨਿਊਜ਼ਲੈਟਰ ਲਈ ਸਾਈਨ ਅਪ ਕਰ ਸਕਦੇ ਹਨ।

## ਫੌਰੀ ਤੱਥ

- ਨਵੀਂ ਸਿਹਤ ਸੰਭਾਲ ਪ੍ਰਣਾਲੀ ਵਿੱਚ ਟ੍ਰਾਂਜ਼ੀਸ਼ਨ ਦਾ ਸਮਰਥਨ ਕਰਨ ਲਈ ਵਿਧਾਨਕ ਸੋਧਾਂ ਲਾਗੂ ਕੀਤੀਆਂ ਗਈਆਂ ਹਨ।
- ਸਿਹਤ ਸੇਵਾਵਾਂ ਦੀ ਪ੍ਰਦਾਨਗੀ ਦਾ ਸਮਰਥਨ ਕਰਨ ਲਈ, ਐਲਬਰਟਾ ਹੈਲਥ ਸਰਵਿਸਜ਼ ਨੇ ਸੂਬੇ ਨੂੰ ਪੰਜ ਖੇਤਰਾਂ ਵਿੱਚ ਵੰਡਿਆ ਹੈ: ਕੈਲਗਰੀ, ਐਡਮਿੰਟਨ, ਦੱਖਣ, ਉੱਤਰੀ ਅਤੇ ਕੇਂਦਰੀ। ਨਵੀਂ ਏਕੀਕ੍ਰਿਤ ਸਿਹਤ ਪ੍ਰਣਾਲੀ ਯੋਜਨਾ ਵਿੱਚ ਸੱਤ ਖੇਤਰੀ ਸਿਹਤ ਕਰੀਡੋਰ ਸ਼ਾਮਲ ਹੋਣਗੇ:
  - ਉੱਤਰ-ਪੱਛਮ
  - ਉੱਤਰ-ਪੂਰਬ
  - ਐਡਮਿੰਟਨ
  - ਸੈਂਟਰਲ
  - ਕੈਲਗਰੀ
  - ਦੱਖਣ-ਪੱਛਮ
  - ਦੱਖਣ-ਪੂਰਬ

## ਸਬੰਧਤ ਜਾਣਕਾਰੀ

- ਟਾਊਨ ਹਾਲ ਰਜਿਟ੍ਰੇਸ਼ਨ
- ਰੀਫੋਕਸਿੰਗ ਹੈਲਥ ਕੇਅਰ ਇੰਨ ਐਲਬਰਟਾ। ਐਲਬਰਟਾ ਆਨਲਾਈਨ ਐਂਗੇਜਮੈਂਟ
- ਹੈਲਥ ਕੇਅਰ ਰੀਫੋਕਸਿੰਗ ਨਿਊਜ਼ਲੈਟਰ

## ਸਬੰਧਤ ਖਬਰਾਂ

- Leading primary care into the future (15 ਅਕਤੂਬਰ)
- Albertans' input shapes health care refocus (11 ਅਕਤੂਬਰ)
- Refocusing patients' health care journeys (23 ਸਤੰਬਰ)
- Setting the foundation for a refocused health system (14 ਮਈ)

# ਮੀਡੀਆ ਇੰਨਕੁਆਰੀਆਂ

**Jessi Rampton**

780-427-2137
ਪ੍ਰੈੱਸ ਸੈਕਰੇਟਰੀ, ਹੈਲਥ